G. 36.8

# ਧਰਮ ਦਰਪਨ



ਸੁਤੀ ਖਾਲਸਾ ਕੌਮ ਨੂੰ ਜਗਾਨ ਵਾਲੇ ਸ੍ਰੀ ਮਾਨ ਪੰਥ ਰਤਨ
ਗੁਰ ਪੁਰ ਨਿਵਾਸੀ ਭਾਈ ਦਿਤ ਸਿੰਘ ਜੀ ਗਿਆਨੀ

ਦੂਜੇ ਕਹਨ ਏਹ ਤਾਂ ਨਾਂਹੀਂ ਵੇਦ ਅਕਲ ਹੈ ਦਿੰਦਾ।
ਦੂਜਾ ਮੰਤ੍ਰ ਦੇਖ ਤੁੱਧ ਨੂੰ ਕਰਦਾ ਹੈ ਸ਼ਰਮਿੰਦਾ ॥੨੮॥
ਜੇ ਸਭ ਜੀਵ ਮੁਕਤ ਹੋ ਭਾਈ ਈਸ਼ਰ ਮੈਂ ਮਿਲ ਜਾਵਨ।
ਤਾਂ ਥੋੜੇ ਅਰਸੇ ਹੀ ਅੰਦਰ ਸਾਰਾ ਜਗਤ ਮੁਕਾਉਨ ॥
ਤਾਂਤੇ ਮੁਕਤ ਹੋਇ ਕੇ ਭੋਗੇ ਸੁਖ ਇਹ ਜੀਵ ਵਿਚਾਰਾ।
ਜਿਸ ਜਾਗਾ ਹੈ ਇੱਛਾ ਇਸ ਦੀ ਦੁਖ ਤੇ ਹੋਇ ਨਿਆਰਾ ॥੨੯॥
ਪਰ ਜਦ ਭੋਗ ਲਏ ਸੁਖ ਮੁਕਤੀ ਫਿਰ ਮੁੜ ਏਥੇ ਆਵੇ।
ਪਾਏ ਜਨਮ ਅਰ ਦੇਹ ਫੇਰ ਮੁੜ ਅਪਨੇ ਚੋਜ ਕਰਾਵੇ।
ਡੰਗਰ ਵਾਂਗ ਬੰਧਨ ਰੱਸਾ ਗਲ ਤੇ ਲਾਹ ਕੇ ਚਰਦਾ।
ਫਿਰ ਤੁਰਕੇ ਮੁੜ ਓਸ ਵਿਚਾਰੇ ਖਜਾਲ ਆਵੰਦਾ ਘਰਦਾ।
ਏਹੋ ਜੇਹੀ ਘੁੰਮਨ ਘੇਰੀ ਮੁਕਤ ਇੱਕ ਬਤਲਾਉਨ।
ਭੰਗ ਪੀਣੀਆਂ ਗੱਪਾਂ ਲਾਕੇ ਅਪਨਾ ਜੀ ਪਰਚਾਉਨ ॥
ਜਿਸਤੇ ਕੁਝ ਨਤਾਰਾ ਨਹੀਂ ਵੇਦ ਮੁਕਤ ਕਿਆ ਦੱਸੇ।
ਜਿਸ ਤੇ ਐਸਾ ਵੇਦ ਝਬੋਲਾ ਪੜ੍ਹ ਸੁਨ ਸਿਆਣਾ ਹੱਸੇ ॥੩੧॥
ਜਿਸ ਤੇ ਹਾਰ ਕਿਤਨਜਾਂ ਲੋਗਾਂ ਵੇਦ ਉਜਾੜ ਬਤਾਈ।
ਜਿਸ ਤੇ ਅੰਦਰ ਪੈਕੇ ਆਖਨ ਸ਼ਾਂਤਿ ਨ ਕਿਨਹੂ ਪਾਈ।
ਫੇਰ ਵੇਦ ਇੱਕ ਕੰਮ ਦੱਸਦਾ ਸਭਨਾਂ ਹੁਕਮ ਸੁਨਾਕੇ।
ਸਾਰੇ ਲੋਗ ਹੋਨ ਜੋ ਹਿੰਦੂ ਬੈਠਨ ਸਿਰ ਮੁੰਡਵਾਕੇ ॥੩੨॥
ਨਾਲ ਵੇਦ ਦੇ ਮੰਤ੍ਰ ਪੜ੍ਹਨੇ ਨਾਲੇ ਸਿਰ ਮੁੰਡਵਾਓ॥
ਹਦਵਾਣੇ ਦੀ ਡੰਡੀ ਵਾਂਗਰ ਬੋਦੀ ਵਿੱਚ ਰਖਾਓ ॥
ਦੇਖੋਖਾਂ ਇਹ ਸਿਰ ਮੁਨਨਦਾ ਇਲਮ ਕਿਹਾ ਸਿਖਲਾਇਆ।
ਜਿਸ ਤੇ ਨਾਈਆਂਨੂੰ ਭੀ ਵੇਦਾਂ ਪਿੱਛੇ ਚੁੱਕ ਹਟਾਇਆ॥੩੩॥
ਹੋਰ ਗੱਲ ਇੱਕ ਵਡੀ ਬਤਾਈ ਧਰਮ ਹਿੰਦੂ ਨੇ ਭਾਈ।



ਧਾਗਾ ਵੱਟੇ ਰੰਗ ਬਰੰਗਾ ਗਲ ਦੇ ਅੰਦਰ ਪਾਈ।
ਜੇ ਉਹ ਤੁਟ ਗਿਆ ਗਲ ਵਿੱਚੋਂ ਧਰਮ ਨੱਸਦਾ ਜਾਊ
ਐਥੋਂ ਤੀਕਰ ਬਨੂੰ ਅਧਰਮੀ ਪਾਣੀ ਅੰਨ ਨ ਖਾਊ ॥ ੩੪॥
ਦੇਖੋ ਅਕਲ ਵੇਦ ਨੇ ਦੱਸੀ ਧਾਗੇ ਦੀ ਹੈ ਕੈਸੀ।
ਦੂਜੇ ਨੂੰ ਇਹ ਕਦੇ ਨ ਆਵੇ ਵੇਦ ਬਤਾਈ ਜੈਸੀ ॥
ਫੇਰ ਹਵਨ ਦੀ ਰੀਤੀ ਬਤਾਕੇ ਘਰ ਦਾ ਮਾਲ ਲੁਟਾਵੇ।
ਜਾਲ ਘੀਉ ਅਰ ਤਿਲਜੌਂਆਦਿਕ ਭਾਂਬੜਖੂਬ ਜਗਾਵੇ॥੩੫॥
ਚਾਰੇ ਪਾਸੀਂ ਬੈਠ ਅੱਗ ਦੇ ਵਿੱਚ ਅਹੂਤੀ ਪਾਓ।
ਸੁਾਹਾ ੨ ਕਰਕੇ ਸਭ ਕੁਛ ਚੁੱਕ ਸੁਆਹ ਬਨਾਓ ॥
ਉਸ ਤੇ ਇੰਦ੍ਰ ਆਦਿ ਦੇਵਤੇ ਰਾਜੀ ਹੋਸਨ ਸਾਰੇ ॥
ਵਰ ਦੇਵਨਗੇ ਚੁਕ ਤੁਸਾਨੂੰ ਹੋ ਪ੍ਰਸੰਨ ਵਿਚਾਰੇ ॥ ੩੬ ॥
ਅਸੁਮੇਧ ਅਰ ਗੋਮੇਧਾਂ ਦੇ ਜੱਗ ਕਰੋ ਮਨ ਲਾਕੇ।
ਵੇਦ ਵਿੱਧੀ ਦੱਸਦਾ ਹੈ ਜੈਸੇ ਮਾਰੋ ਪਸ਼ੂ ਲਿਆਕੇ ॥
ਉਹ ਭੀ ਵਿੱਚ ਅੱਗ ਦੇ ਸਾੜੋ ਮੰਤ੍ਰ ਵੇਦ ਉਚਾਰੋ।
ਇਹੁ ਵੇਦ ਨੇ ਸਿੱਖਜਾ ਦਿੱਤੀ ਸਮਝੋ ਤੁਸੀਂ ਵਿਚਾਰੋ ॥ ੩੭ ॥
ਸੁਣਿਆ ਭਾਈ ਵੇਦ ਤੁਸਾ ਨੂੰ ਕਿਆ ਹੈ ਸਿੱਖਜਾ ਦਿੰਦਾ।
ਸਿਰ ਮੁੰਡਵਾਨੇ ਧਾਗੇ ਪਾਨੇ ਪਸ਼ੂ ਹਵਨ ਵਿੱਚ ਲਿੰਦਾ ॥
ਫੇਰ ਗਊ ਦਾ ਮੂਤ ਪਲਾਵੇ ਅਰ ਗੋਹਾ ਖਲਵਾਵੇ।
ਇਸ ਦੇ ਪੀਤੇ ਖਾਧੇ ਤੇ ਨਰ ਪਾਪਾਂ ਤੋਂ ਬਚ ਜਾਵੇ ॥ ੩੮ ॥
ਫਿਰ ਇੱਕ ਹੋਰ ਹਿੰਦੂ ਮਤ ਕਹਿੰਦਾ ਰੀਤ ਸਰਾਧਾਂ ਵਾਲੀ
ਮਰੇ ਹੋਏ ਭੀ ਪਿਤਰ ਪਿਤਾਮੇਂ ਜਾਣ ਨ ਅੰਨੋਂ ਖਾਲੀ ॥
ਕਰੋ ਸਰਾਧ ਉਨ੍ਹਾਂ ਦੇ ਕਾਰਨ ਬ੍ਰਹਮਨ ਚੁਕ ਜਵਾਓ।
ਸਾਲ ਮਗਰ ਤੇ ਭੋਜਨ ਚੰਗਾ ਉਨ ਕੋ ਚਾਇ ਪੁਚਾਓ ॥ ੩੯॥

ਫਿਰ ਗੰਗਾ ਪਰ ਜਾਕੇ ਸਾਰੇ ਹੱਡ ਆਪਨੇ ਪਾਓ।
ਉੱਪਰ ਗਜਾ ਲਜਾਇ ਘਰ ਦਿਆਂ ਸੱਭੋ ਪਿੰਡ ਭਰਾਓ।
ਪ੍ਰਾਗ ਰਾਜ ਪਰ ਸਿਰ ਦਾੜ੍ਹੀ ਨੂੰ ਖੂਬ ਮੁਨਾਕੇ ਆਵੇ।
ਸਾਰਾ ਰੂਪ ਗੁਵਾਕੇ ਅਪਨਾ ਚੁਪਕੇ ਘਰ ਪਗ ਪਾਵੇ ॥ ੪੦ ॥
ਏਹੋ ਜੇਹੇ ਜੇਕਰ ਚਾਹੋ ਕਰਨੇ ਈੜੇ ਵੀੜੇ।
ਤਾਂ ਨਾ ਕਰੋ ਦੇਰ ਹੋ ਜਾਊ ਹਿੰਦੂ ਧਰਮ ਦੇ ਕੀੜੇ ॥
ਗੁੱਝੀ ਛਿਪੀ ਬਾਤ ਨਹਿ ਕੋਈ ਏਹ ਤੁਸਾਂ ਨੂੰ ਆਖੀ।
ਸਾਰੀ ਸਿੰਮ੍ਰਿਤ ਅਤੇ ਪੁਰਾਣਾਂ ਦਿਤੀ ਇਸ ਦੀ ਸਾਖੀ ॥੪੧॥
ਤਪ ਜਪ ਸੰਧਿਆ ਅਤੇ ਗਾਇਤ੍ਰੀ ਪੂਜਾ ਪਾਠ ਘਨੇਰੇ।
ਰੱਖੋ ਵਰਤ ਇਕਾਦਸ ਵਾਲੇ ਹਿੰਦੂ ਧਰਮ ਇਹ ਤੇਰੇ ॥
ਪੁੱਠੇ ਲਟਕੇ ਖੜੇ ਰਹੋ ਅਰ ਪਾਣੀ ਦੇ ਤਪ ਕਰਨੇ।
ਹਿੰਦੂ ਧਰਮ ਹੈ ਮੁਕਤੀ ਦੇਂਦਾ ਕਾਂਸ਼ੀ ਦੇ ਵਿੱਚ ਮਰਨੇ ॥੪੨॥
ਏਹੋ ਜੇਹੀ ਲੱਖਾਂ ਬਾਤਾਂ ਹਿੰਦੂ ਮਤ ਸਿਖਲਾਵੇ।
ਆਦਮੀਆਂ ਤੇ ਛੂਤ ਛੂਤ ਕਰ ਐਵੇਂ ਨੱਕ ਚੜ੍ਹਾਵੇ ॥
ਦਯਾ ਨੰਦੀਆ ਟੋਲਾ ਹੈ ਇੱਕ ਬਣਿਆ ਕਹਕੇ ਆਰਿਜ।
ਪਰ ਤਿਨ ਹਿੰਦੂ ਲੋਗ ਸਨਾਤਨਕਹਨਧਰਮਤੇਖਾਰਿਜ ॥੪੩॥
ਅਰ ਇਹ ਭੀ ਨਾ ਅਪਨੇ ਤਾਈਂ ਹਿੰਦੂ ਨਾਮ ਸਦਾਂਦੇ।
ਨਾਉਂ ਸੁਨਨ ਤੇ ਹਿੰਦੂ ਅਪਨਾ ਐਵੇਂ ਨੱਕ ਚੜ੍ਹਾਂਦੇ ॥
ਆਖਨ ਹਿੰਦੂ ਚੋਰ ਠੱਗ ਹੈ ਕਾਲਾ ਕਰੇ ਗੁਲਾਮੀ।
ਅਸੀਂ ਆਰਿਯਾ ਹਿੰਦੂ ਹੋਕੇ ਆਊਗੀ ਬਦਨਾਮੀ ॥ ੪੪ ॥
ਮੁੱਸਲਮਾਨਾਂ ਵਿਚੋਂ ਜਿੱਕੁਰ ਬਣੇ ਵਹਾਬੀ ਭਾਈ।
ਇਸੇ ਤਰ੍ਹਾਂ ਇਨ ਹਿੰਦੂਪਣ ਤੇ ਨਿਆਰੀ ਰਾਹ ਚਲਾਈ ॥
ਜੰਞੂ ਚੋਟੀ ਧੋਤੀ ਤਾਂ ਹੈ ਇੱਕੋ ਜਿਹੀ ਰਖਾਉਨ।



ਸੰਧਯਾ ਅਤੇ ਗਾਇਤ੍ਰੀ ਦਾ ਭੀ ਨਾਹੀ ਭੇਦ ਬਤਾਉਨ ॥੪੫॥
ਅਰ ਇਹ ਵੇਦਾਂ ਵਿਚ ਆਖਦੇ ਮੂਰਤ ਪੂਜਾ ਨਾਹੀਂ।
ਗਜਾ ਪ੍ਰਾਗ ਵਿਚ ਗਤ ਨਾਹੀਂ ਨਾ ਗੰਗਾ ਦੇ ਮਾਹੀ ॥
ਜਿਤਨਾ ਹੋਵੇ ਕਰੋ ਹਵਨ ਲੈ ਕੁੱਪੇ ਘੀਉ ਜਲਾਓ।
ਉਸਦੇ ਨਾਲ ਸੁਗੰਧਤ ਭਾਈ ਸਭ ਆਕਸ਼ ਕਰਾਓ ॥ ੪੬ ॥
ਹਵਾ ਸ਼ੁੱਧ ਜਦ ਹੋ ਜਾਏਗੀ ਤਦ ਚੰਗੇ ਸਭ ਹੋਵਨ।
ਅਪਨੇ ਤਨ ਦੀ ਸਭ ਬੀਮਾਰੀ ਨਰ ਅਰ ਨਾਰੀ ਖੋਵਨ ॥
ਮੁੰਡੇ ਭਾਵੇਂ ਘੀਉ ਖਾਨ ਤੇ ਰੁੱਖੀ ਰੋਟੀ ਖਾਉਨ।
ਨਾਲ ਰੁਖਾਸਣ ਤੇ ਕਮਜ਼ੋਰੀ ਅੱਖੀਂ ਜੋਤ ਘਟਾਉਨ ॥੪੭॥
ਪਰ ਅਗਨੀ ਵਿੱਚ ਘੀਉ ਜਲਾਨਾਂ ਛੱਡੋ ਮੂਲ ਨ ਭਾਈ।
ਘੀਉ ਜਲਾਉਨ ਅੱਗ ਵਿਚ ਹੈ ਰੀਤੀ ਵੇਦ ਸਖਾਈ ॥
ਫੇਰ ਇਨ੍ਹਾਂ ਨੇ ਹੋਰ ਗਪੌੜੇ ਲਾਏ ਹਾਸੀ ਵਾਲੇ।
ਵੇਦਾ ਦੇ ਵਿੱਚ ਸਭ ਵਿੱਦਯਾ ਦੇ ਦੱਸਨ ਢੰਗ ਨਿਕਾਲੇ ॥ ੪੮ ॥
ਤਾਰ ਰੇਲ ਅਰ ਸਿਲਪ ਵਿਦਯਾ ਇਹ ਸਭ ਵੇਦ ਸਿਖਾਲੇ ॥
ਭੋਜਨ ਕਰਨ ਬਸਤ੍ਰਾਂ ਦੇ ਭੀ ਵੇਦ ਬਤਾਵੇ ਚਾਲੇ ॥
ਵੇਦਾਂ ਵਿੱਚ ਇਲਮ ਹਨ ਸਾਰੇ ਜੋ ਚਾਰੇ ਕਰਲੇਵੇ।
ਪੜ੍ਹ ਸੁਨ ਸਿੱਖੇ ਵਿਦਯਾ ਸਾਰੀ ਸਤਨਾਂ ਨੂੰ ਸੁਖ ਦੇਵੇ ॥ ੪੯ ॥
ਜਦ ਵੇਦਾਂ ਦੀ ਵਿਦਯਾ ਸਾਰੀ ਭਾਰਤ ਅੰਦਰ ਆਊ।
ਸਾਰੀ ਕਲਾ ਵਾਂਗ ਅੰਗ੍ਰੇਜ਼ਾਂ ਵੇਦ ਤੁਰਤ ਸਿਖਲਾਊ ॥
ਦੇਖੋ ਇਹ ਕਜਾ ਹਾਸੀ ਵਾਲੀ ਬਾਤ ਇਨ੍ਹਾਂ ਦੀ ਦੱਸੇ।
ਮ੍ਰਿਗ ਤ੍ਰਿਸ਼ਨਾ ਦੇ ਸਰਵਰ ਕੋਲੋਂ ਪਾਣੀ ਭਰਨੇ ਨੱਸੇ ॥ ੫੦॥
ਪਰ ਇਹ ਅਕਲ ਨ ਕਰਦੇ ਮੂੜਕੇ ਜਿਨ ਨੇ ਵੇਦ ਬਨਾਏ ॥
ਅਰ ਕਰ ਯਤਨ ਜਿਨਾਂ ਨੇ ਸਾਰੇ ਮੰਤ੍ਰ ਖੂਬ ਪਕਾਏ ॥

**TO READ THE ENTIRE BOOK PLEASE CONTACT US:**


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.